# February 2, 2021
# Level 3

**1.** Read the story attached (on the next page).

**ANNOUNCEMENTS**

**1.** Important Class Schedule Change:

- Classes regularly held on Wednesdays will now be held on both Tuesday and Wednesday from 5:00 - 7:00 PM.
- The schedule changes will be implemented to ensure that students have the opportunity to complete the curriculum throughout the remainder of the school

ਪਾਠ 10

# ਗੁਰੂ ਨਾਨਕ ਦੇਵ ਜੀ ਮੱਕੇ ਵਿਚ

*ਇਸ ਪਾਠ ਵਿਚ ਆਏ ਮੁਸ਼ਕਲ ਸ਼ਬਦਾਂ ਨੂੰ ਬੋਲਣਾ ਤੇ ਉਹਨਾਂ ਦੇ ਮਤਲਬ ਸਿਖੋ।*

| | | | | | |
|---|---|---|---|---|---|
| ਪਵਿੱਤਰ | holy | ਅਸਥਾਨ | place | ਪੱਥਰ | stone |
| ਇੱਛਾ | desire | ਘਸੀਟੇ | dragged | ਘੁੰਮਣਾ | to turn |
| ਕੌਤਕ | chrisma | ਦਰਵੇਸ਼ | holy man | ਚਰਨ | feet |
| ਵੱਲ | towards | ਅੱਲਾ | Islamic name for God | | |
| ਹਾਜੀ | one who goes on Hajj to Mecca | | | | |

ਮੱਕਾ ਮੁਸਲਮਾਨਾਂ ਦਾ ਬਹੁਤ ਪਵਿੱਤਰ ਅਸਥਾਨ ਹੈ। ਮੱਕੇ ਵਿਚ ਇਕ ਪੱਥਰ ਹੈ, ਜਿਸ ਨੂੰ ਕਾਅਬਾ ਕਿਹਾ ਜਾਂਦਾ ਹੈ। ਹਰ ਮੁਸਲਮਾਨ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਜ਼ਿੰਦਗੀ ਵਿਚ ਇਕ ਵਾਰ ਮੱਕੇ ਜਾ ਕੇ ਕਾਅਬੇ ਦੇ ਦਰਸ਼ਨ ਜ਼ਰੂਰ ਕਰੇ। ਮੱਕੇ ਦੇ ਸਫ਼ਰ ਨੂੰ ਹੱਜ ਕਿਹਾ ਜਾਂਦਾ ਹੈ। ਉਹ ਲੋਕ ਜੋ ਕਿ ਮੱਕੇ ਜਾਂਦੇ ਹਨ, ਉਹਨਾਂ ਨੂੰ ਹਾਜੀ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਇਕ ਵਾਰ ਮੱਕੇ ਵੱਲ ਜਾ ਰਹੇ ਸਨ। ਉਹ ਉਥੇ ਜਾ ਕੇ ਲੋਕਾਂ ਨੂੰ ਚੰਗੀਆਂ ਗੱਲਾਂ ਸਿਖਾਉਣੀਆਂ ਚਾਹੁੰਦੇ ਸਨ। ਗੁਰੂ ਜੀ ਦੇ ਨਾਲ ਨਾਲ ਇਕ ਹਾਜੀ ਵੀ ਜਾ ਰਿਹਾ ਸੀ। ਗਰਮੀ ਬਹੁਤ ਸੀ। ਅਚਾਨਕ ਇਕ ਬੱਦਲ ਅਸਮਾਨ ਵਿਚ ਆਇਆ। ਹਾਜੀ ਨੇ ਸੋਚਿਆ ਕਿ ਅੱਲਾ ਨੇ ਛਾਂ ਕਰਨ ਲਈ ਬੱਦਲ ਭੇਜ ਦਿੱਤਾ ਹੈ। ਇਸ ਹਾਜੀ ਨੇ ਸੋਚਿਆ ਕਿ ਗੁਰੂ ਨਾਨਕ ਮੁਸਲਮਾਨ ਨਹੀਂ ਹੈ, ਇਸ ਲਈ ਉਸ ਉੱਤੇ ਬੱਦਲ ਦੀ ਛਾਂ ਨਹੀਂ ਹੋਣੀ ਚਾਹੀਦੀ।

"ਹੇ ਦਰਵੇਸ਼, ਤੂੰ ਹਿੰਦੂ ਹੈਂ ਨਾ ? ਤੂੰ ਮੱਕੇ ਨਾ ਜਾ। ਉਥੇ ਤੇਰਾ ਕੀ ਕੰਮ ? ਪਰ ਜੇਕਰ ਤੂੰ ਜਾਣਾ ਹੀ ਹੈ ਤਾਂ ਤੂੰ ਜਾਂ ਤਾਂ ਮੇਰੇ ਨਾਲੋਂ ਅੱਗੇ ਚੱਲ ਜਾਂ ਪਿੱਛੇ। ਮੇਰੇ ਨਾਲ ਨਾਲ ਨਾ ਚੱਲ।" ਹਾਜੀ ਨੇ ਗੁਰੂ ਜੀ ਨੂੰ ਕਿਹਾ।

ਹਾਜੀ ਦੇ ਅਜਿਹਾ ਕਹਿਣ 'ਤੇ ਗੁਰੂ ਜੀ ਨੇ ਆਪਣਾ ਰਸਤਾ ਹੀ ਬਦਲ ਲਿਆ। ਗੁਰੂ ਜੀ ਦੇ ਉਥੋਂ ਜਾਣ ਦੀ ਦੇਰ ਸੀ ਕਿ ਹਾਜੀ ਦੇ ਸਿਰ ਉੱਤੇ ਫਿਰ ਧੁੱਪ ਆ ਚੜ੍ਹੀ। ਹੁਣ ਉਥੇ ਨਾ ਛਾਂ ਸੀ ਤੇ ਨਾ ਹੀ ਛਾਂ ਕਰਨ ਵਾਲਾ ਬੱਦਲ। ਹਾਜੀ ਬਹੁਤ ਉਦਾਸ ਹੋ ਗਿਆ।

ਗੁਰੂ ਜੀ ਮੱਕੇ ਜਾ ਪਹੁੰਚੇ। ਉਥੇ ਉਹ ਕਾਅਬੇ ਵੱਲ ਪੈਰ ਕਰ ਕੇ ਸੌਂ ਗਏ। ਸਵੇਰ ਵੇਲੇ ਜਦ

ਜੀਵਨ ਸੇਵਾ ਕਰਨ ਲਈ ਆਇਆ ਤਾਂ ਗੁਰੂ ਜੀ ਦੇ ਪੈਰ ਕਾਅਬੇ ਵੱਲ ਦੇਖ ਕੇ ਬਹੁਤ ਨਾਰਾਜ਼ ਹੋਇਆ। ਉਸ ਨੇ ਗ਼ੁੱਸੇ ਵਿਚ ਗੁਰੂ ਜੀ ਨੂੰ ਲੱਤ ਮਾਰੀ।

ਗੁਰੂ ਜੀ ਅੱਖਾਂ ਮਲਦੇ ਉਠ ਪਏ ਤੇ ਕਹਿਣ ਲੱਗੇ, "ਭਲੇ ਲੋਕ, ਕੀ ਹੋਇਆ ਹੈ ?" ਜੀਵਨ ਬੋਲਿਆ, "ਤੂੰ ਰੱਬ ਦੇ ਘਰ ਵੱਲ ਪੈਰ ਕਰ ਕੇ ਕਿਉਂ ਸੁੱਤਾ ਹੈਂ ?" ਤਾਂ ਗੁਰੂ ਜੀ ਪਿਆਰ ਨਾਲ ਬੋਲੇ, "ਰੱਬ ਦੇ ਬੰਦੇ, ਜਿਸ ਪਾਸੇ ਰੱਬ ਦਾ ਘਰ ਜਾਂ ਕਾਅਬਾ ਨਹੀਂ, ਤੂੰ ਪੈਰ ਉਸ ਪਾਸੇ ਕਰ ਦੇ ਤੇ ਗ਼ੁੱਸੇ ਨਾ ਹੋ।"

ਗ਼ੁੱਸੇ ਵਿਚ ਆਏ ਹੋਏ ਜੀਵਨ ਨੇ ਗੁਰੂ ਜੀ ਦੇ ਪੈਰ ਪਕੜ ਕੇ ਦੂਸਰੇ ਪਾਸੇ ਵੱਲ ਘਸੀਟੇ। ਪਰ ਕੀ ਦੇਖਦਾ ਹੈ ਕਿ ਜਿਸ ਪਾਸੇ ਗੁਰੂ ਜੀ ਦੇ ਪੈਰ ਹਨ, ਉਸ ਪਾਸੇ ਹੀ ਕਾਅਬਾ ਹੈ। ਇਸ ਤਰ੍ਹਾਂ ਉਸ ਨੇ ਜਿਸ ਪਾਸੇ ਵੀ ਗੁਰੂ ਜੀ ਦੇ ਪੈਰ ਘੁਮਾਏ, ਮੱਕਾ ਵੀ ਨਾਲ ਨਾਲ ਹੀ ਘੁੰਮਦਾ ਜਾਪਿਆ।

ਜੀਵਨ ਗੁਰੂ ਜੀ ਦਾ ਇਹ ਕੌਤਕ ਦੇਖ ਕੇ ਬਹੁਤ ਹੈਰਾਨ ਹੋਇਆ। ਉਹ ਪਿਆਰ ਨਾਲ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਿਆ। ਇੰਨੇ ਨੂੰ ਕਾਜ਼ੀ ਰੁਕਨ ਦੀਨ ਤੇ ਹੋਰ ਹਾਜੀ ਵੀ ਉਥੇ ਆ ਗਏ।

ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਰੱਬ ਕਿਸੇ ਇਕ ਥਾਂ 'ਤੇ ਨਹੀਂ ਰਹਿੰਦਾ। ਰੱਬ ਤਾਂ ਹਰ ਥਾਂ 'ਤੇ ਵੱਸਦਾ ਹੈ। ਸਭ ਹਾਜੀਆਂ ਨੇ ਗੁਰੂ ਜੀ ਨੂੰ ਸੀਸ ਨਿਵਾਇਆ।

## ਅਭਿਆਸ

1. ਹੇਠਾਂ ਲਿਖੇ ਪ੍ਰਸ਼ਨਾਂ ਲਈ ਠੀਕ ਉੱਤਰ ਚੁਣੋ :

   ੧. ਮੱਕਾ ਕੀ ਹੈ ?
   (ੳ) ਮੱਕਾ ਇਕ ਪਵਿੱਤਰ ਪੱਥਰ ਹੈ।
   (ਅ) ਮੱਕਾ ਇਕ ਪਵਿੱਤਰ ਅਸਥਾਨ ਹੈ।
   (ੲ) ਮੱਕਾ ਬਹੁਤ ਦੂਰ ਹੈ।

   ੨. ਕਾਅਬਾ ਕੀ ਹੈ ?
   (ੳ) ਕਾਅਬਾ ਇਕ ਪਵਿੱਤਰ ਪੱਥਰ ਹੈ।
   (ਅ) ਕਾਅਬਾ ਇਕ ਪਵਿੱਤਰ ਅਸਥਾਨ ਹੈ।
   (ੲ) ਕਾਅਬਾ ਮੱਕੇ ਵਿਚ ਹੈ।

   ੩. ਹਾਜੀ ਕੌਣ ਹੁੰਦਾ ਹੈ ?
   (ੳ) ਹਾਜੀ ਉਹ ਹੈ, ਜੋ ਮੁਸਲਮਾਨ ਹੈ।
   (ਅ) ਹਾਜੀ ਉਹ ਹੈ, ਜੋ ਨਮਾਜ਼ ਪੜ੍ਹਦਾ ਹੈ।
   (ੲ) ਹਾਜੀ ਉਹ ਹੈ, ਜੋ ਹੱਜ ਕਰਨ ਮੱਕੇ ਜਾਂਦਾ ਹੈ।

   ੪. ਜਦ ਹਾਜੀ ਨੇ ਅਸਮਾਨ ਵਿਚ ਬੱਦਲ ਦੇਖਿਆ ਤਾਂ ਉਸ ਨੇ ਗੁਰੂ ਜੀ ਨੂੰ ਆਪਣੇ ਨਾਲ ਚੱਲਣ ਤੋਂ ਕਿਉਂ ਰੋਕ ਦਿੱਤਾ ?
   (ੳ) ਕਿਉਂਕਿ ਗੁਰੂ ਜੀ ਬਹੁਤ ਤੇਜ਼ ਚੱਲ ਰਹੇ ਸਨ।
   (ਅ) ਕਿਉਂਕਿ ਗੁਰੂ ਜੀ ਮੁਸਲਮਾਨ ਨਹੀਂ ਸਨ।
   (ੲ) ਕਿਉਂਕਿ ਬੱਦਲ ਹਾਜੀ ਨੂੰ ਛਾਂ ਦੇਣ ਲਈ ਆਇਆ ਸੀ।

੫. ਜਦ ਜੀਵਨ ਨੇ ਗੁਰੂ ਜੀ ਨੂੰ ਲੱਤ ਮਾਰੀ ਤਾਂ ਗੁਰੂ ਜੀ ਨੇ ਕੀ ਕੀਤਾ ?
(ੳ) ਗੁਰੂ ਜੀ ਨੂੰ ਬਹੁਤ ਦੁੱਖ ਹੋਇਆ।
(ਅ) ਗੁਰੂ ਜੀ ਨੇ ਜੀਵਨ ਦੀ ਲੱਤ ਫੜ ਲਈ।
(ੲ) ਗੁਰੂ ਜੀ ਨੇ ਉਸ ਨਾਲ ਪਿਆਰ ਨਾਲ ਗੱਲ ਕੀਤੀ।

੬. ਜਦ ਜੀਵਨ ਨੇ ਗੁਰੂ ਜੀ ਦੇ ਪੈਰ ਘਸੀਟੇ ਤਾਂ ਕੀ ਹੋਇਆ ?
(ੳ) ਬਹੁਤ ਲੋਕ ਉਸ ਦੇ ਦੁਆਲੇ ਇਕੱਠੇ ਹੋ ਗਏ।
(ਅ) ਗੁਰੂ ਜੀ ਨੂੰ ਬਹੁਤ ਦਰਦ ਹੋਈ।
(ੲ) ਜੀਵਨ ਨੂੰ ਮੱਕਾ ਘੁੰਮਦਾ ਨਜ਼ਰ ਆਇਆ।

੭. ਗੁਰੂ ਜੀ ਮੁਸਲਮਾਨ ਨਹੀਂ ਸਨ, ਫਿਰ ਉਹ ਮੱਕੇ ਕਿਉਂ ਗਏ ?
(ੳ) ਗੁਰੂ ਜੀ ਨੂੰ ਸਭ ਧਰਮ ਚੰਗੇ ਲੱਗਦੇ ਸਨ।
(ਅ) ਗੁਰੂ ਜੀ ਉਥੋਂ ਦੇ ਲੋਕਾਂ ਨੂੰ ਚੰਗੀਆਂ ਗੱਲਾਂ ਸਿਖਾਉਣੀਆਂ ਚਾਹੁੰਦੇ ਸਨ।
(ੲ) ਗੁਰੂ ਜੀ ਹਰ ਸਾਲ ਮੱਕੇ ਜਾਂਦੇ ਸਨ।

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

੧. ਲੋਕ ਮੱਕੇ ਕਿਉਂ ਜਾਂਦੇ ਹਨ ?

______________________________

੨. ਜੀਵਨ ਨੇ ਗੁਰੂ ਜੀ ਨੂੰ ਲੱਤ ਕਿਉਂ ਮਾਰੀ ?

______________________________

੩. ਇਸ ਸਾਖੀ ਵਿਚ ਗੁਰੂ ਨਾਨਕ ਨੇ ਲੋਕਾਂ ਨੂੰ ਕੀ ਉਪਦੇਸ਼ ਦਿੱਤਾ ?

______________________________

3. ਹੇਠਾਂ ਖ਼ਾਲੀ ਥਾਵਾਂ ਭਰੋ :

ਗੁਰੂ ਜੀ ਨੇ ਉਹਨਾਂ ਨੂੰ__________ ਕਿ__________ ਕਿਸੇ ਇਕ ਥਾਂ 'ਤੇ ਨਹੀਂ ਰਹਿੰਦਾ। ਰੱਬ ਤਾਂ__________ ਥਾਂ 'ਤੇ ਵੱਸਦਾ ਹੈ।